**ਅਖੰਡ ਕੀਰਤਨੀ ਜਥਾ ਇੰਟ੍ਰਨੈਸ਼ਨਲ (ਰਜਿ.)**

**Akhand Keertanee Jathaaa International (Regd.)**

Head Office: Ranglay Sajjan Memorial Charitable Trust (Regd.), Chowk Baba Sahib, Shri Amritsar

ਹੈਡ ਆਫਿਸ: ਰੰਗਲੇ ਸਜਨ ਮੈਮੋਰੀਅਲ ਟ੍ਰਸਟ (ਰਜਿ.), ਚੌਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ

ਮੁਖ ਸੇਵਾਦਾਰ: ਜਥੇਦਾਰ ਬਖ਼ਸ਼ੀਸ ਸਿੰਘ ਜੀ

Ref. No.: AKJ/15/2016 Dated: 08 June 2016

**ਸਾਧਸੰਗਤ ਜੀਓ,**

**ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ**

ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ, ਅਖੰਡ ਕੀਰਤਨੀ ਜਥਾ ਗੁਰੂ ਸਾਹਿਬ ਜੀ ਦੇ ਬਖਸ਼ੇ ਅਸੂਲਾਂ ਤੇ ਪਹਿਰਾ ਦੇਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ ਅਤੇ ਹੋਰਨਾਂ ਨੂੰ ਪ੍ਰੇਰਿਤ ਕਰ ਰਿਹਾ ਹੈ। ਪਿਛਲੇ ਕੁਝ ਦਿਨਾਂ ਵਿਚ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਦੇ ਪ੍ਰਤਿਕਰਮ ਵਜੋਂ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ, ਗੁਰਸਿਖ ਵੀਰ ਭਾਈ ਭੁਪਿੰਦਰ ਸਿੰਘ ਜੀ ਦੇ ਕਤਲ ਵਾਲੀ ਘਿਨਾਉਣੀ ਘਟਨਾ ਦੀ ਨਿਖੇਧੀ ਕਰਦਾ ਹੈ। ਇਹ ਅਤਿ ਨਿੰਦਣਜੋਗ ਗੱਲ ਹੈ ਕਿ ਇਸ ਘਟਨਾ ਲਈ ਜ਼ਿਮੇਵਾਰ ਲੋਕਾਂ ਵਲੋਂ ਪੰਥ ਦੀ ਪੁਰਾਤਨ ਰਵਾਇਤ ਛਬੀਲ ਦੀ ਆੜ ਹੇਠ ਇਹ ਕਾਰਾ ਕੀਤਾ ਗਿਆ ਹੈ ਜਿਸ ਕਰਕੇ ਇਸ ਮਹਾਨ ਰਵਾਇਤ ਨੂੰ ਧੱਬਾ ਲਗਿਆ ਹੈ।

ਹਾਲ ਹੀ ਵਿਚ, ਸਰਬਤ ਖਾਲਸੇ ਵਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਥਾਪੇ ਹੋਏ ਜਥੇਦਾਰ, ਭਾਈ ਅਮਰੀਕ ਸਿੰਘ ਅਜਨਾਲਾ ਵਲੋਂ ਸੰਗਰਾਵਾਂ ਵਿਖੇ ਇਕ ਧਾਰਮਕ ਇਕੱਤਰਤਾ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਭੱਦੀ ਸ਼ਬਦਾਬਲੀ ਦਾ ਇਸਤੇਮਾਲ ਕੀਤਾ ਗਿਆ ਹੈ, ਜੋ ਕਿ ਬਹੁਤ ਹੀ ਮੰਦਭਾਗੀ ਗਲ ਹੈ ਕਿਉਂਕਿ ਉਹਨਾਂ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੀ ਪਦਵੀ ਤੇ ਸਸ਼ੋਭਿਤ ਹੁੰਦਿਆਂ ਹੋਇਆਂ, ਆਪਣੇ ਅਹੁਦੇ ਤੋਂ ਹੇਠਲੇ ਪੱਧਰ ਦੀ ਗਲ ਕੀਤੀ ਹੈ। ਸਿਖ ਪੰਥ ਦੇ ਪਵਿਤਰ ਤਖਤ ਸਾਹਿਬਾਨ ਦੀ ਦੁਵਰਤੋਂ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ ਜਿਸ ਕਰਕੇ ਅਸੀਂ ਭਾਈ ਅਜਨਾਲਾ ਜੀ ਦੀ ਜਥੇਦਾਰੀ ਲਈ ਆਪਣਾ ਸਮੱਰਥਨ ਵਾਪਸ ਲੈਂਦੇ ਹਾਂ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਜੀ ਦੀ ਥਾਂ ਤੇ ਨਿਯੁਕਤ ਕੀਤੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵਲੋਂ ਕੁਝ ਹੀ ਦਿਨ ਪਹਿਲਾਂ ਨੌਜਵਾਨਾਂ ਦੇ ਨਾਂ ਇਕ ਸੰਦੇਸ਼ ਵਿਚ ਕਿਹਾ ਗਿਆ ਸੀ ਕਿ ਵਿਰੋਧੀਆਂ ਨਾਲ ਗਲ ਕਰਦੇ ਹੋਏ ਮਾੜੀ ਭਾਸ਼ਾ ਵਰਤਣ ਤੋਂ ਗੁਰੇਜ਼ ਕੀਤਾ ਜਾਵੇ। ਪਰ ਹੁਣ ਭਾਈ ਅਮਰੀਕ ਸਿੰਘ ਅਜਨਾਲਾ ਵਲੋਂ ਮਹਾਰਾਜ ਜੀ ਦੀ ਹਜ਼ੂਰੀ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਆਦੇਸ਼ ਦੀ ਉਲੰਘਣਾ ਕਰਕੇ ਇਕ ਬਹੁਤ ਗ਼ਲਤ ਮਿਸਾਲ ਕਾਇਮ ਕੀਤੀ ਹੈ। ਇਸਲਈ ਇਸ ਉਲੰਘਣਾ ਦੇ ਜਵਾਬ ਵਿਚ ਸਿੰਘ ਸਾਹਿਬਾਨ ਵਲੋਂ ਐਕਸ਼ਨ ਲੈਣਾ ਬਣਦਾ ਹੈ।

ਰਾਗਮਾਲਾ ਅਤੇ ਹੋਰ ਅਜਿਹੇ ਮਸਲੇ ਬਹੁਤ ਪੇਚੀਦੇ ਹਨ ਅਤੇ ਪਿਛਲੇ 200 ਸਾਲਾਂ ਤੋਂ ਵੀ ਵਧ ਸਮੇਂ ਤੋਂ ਪੰਥ ਵਿਚ ਚਲ ਰਹੇ ਹਨ। ਇਹ ਮਸਲੇ ਫੋਕੀਆਂ ਬਿਆਨਬਾਜ਼ੀਆਂ ਜਾਂ ਧਮਕੀਆਂ ਦੇਣ ਨਾਲ ਜਾਂ ਮੰਦੀ ਭਾਸ਼ਾ ਵਰਤਣ ਨਾਲ ਹੱਲ ਨਹੀਂ ਹੋ ਸਕਦੇ। ਆਪਣੇ ਵਿਰੋਧੀ ਖਿਆਲ ਵਾਲਿਆਂ ਨੂੰ ਜਨਤਕ ਤੌਰ ਤੇ ਭੰਡਣਾ ਨਾ ਤਾਂ ਗੁਰਮਤਿ ਅਨੁਸਾਰ ਸਹੀ ਹੈ ਅਤੇ ਨਾ ਹੀ ਇਹ ਭਰਾਵਾਂ ਵਾਲੀ ਗਲ ਹੈ। ਰਾਗਮਾਲਾ ਬਾਰੇ ਤਾਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਹ ਫੈਸਲਾ ਹੋ ਚੁਕਿਆ ਹੈ ਕਿ ਜਦੋਂ ਤੱਕ ਇਸ ਮਸਲੇ ਦਾ ਹੱਲ ਨਹੀਂ ਲੱਭ ਲਿਆ ਜਾਂਦਾ ਉਦੋਂ ਤੱਕ ਚਾਹੇ ਕੋਈ ਮੁੰਦਾਵਣੀ ਤੱਕ ਪਾਠ ਕਰੇ ਚਾਹੇ ਰਾਗਮਾਲਾ ਤੱਕ, ਦੋਵੇਂ ਮਨਜ਼ੂਰ ਹਨ। ਆਪਣੀ ਪੱਧਰ ਤੇ ਕੋਈ ਵਿਅਕਤੀ ਜਾਂ ਸੰਸਥਾ ਆਪਣੇ ਵਿਸ਼ਵਾਸ ਦਾ ਪਰਚਾਰ ਕਰ ਸਕਦੀ ਹੈ, ਪਰ ਪੰਥ ਦੇ ਸਾਂਝੇ ਜਥੇਦਾਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਨੂੰ ਕਿਸੇ ਧਿਰ ਦੀ ਹਿਮਾਇਤ ਜਾਂ ਵਿਰੋਧ ਨਹੀਂ ਕਰਨਾ ਚਾਹੀਦਾ। ਪਿਛਲੇ 2015 ਵਾਲੇ ਸਰਬਤ ਖਾਲਸੇ ਵਿਚ ਇਹ ਮਤਾ ਪਾਸ ਹੋਇਆ ਸੀ ਕਿ ਵਿਵਾਦ ਵਾਲੇ ਮਸਲੇ ਨਹੀਂ ਛੇੜੇ ਜਾਣਗੇ। ਪਰ ਇਸ ਦੇ ਬਾਵਜੂਦ ਵੀ ਭਾਈ ਅਜਨਾਲਾ ਜੀ ਵਲੋਂ ਰਾਗਮਾਲਾ ਦਾ ਮਸਲਾ ਉਛਾਲ ਕੇ ਅਖੰਡ ਕੀਰਤਨੀ ਜਥੇ ਨੂੰ ਭੰਡਣਾ ਨਜਾਇਜ਼ ਹੈ। ਇਹ ਤਾਂ "ਨੈਪੋਲੀਅਨ" ਵਾਲੀ ਹੀ ਗਲ ਹੋ ਗਈ ਕਿਉਂਕਿ ਉਹਨਾਂ ਦੇ ਇਸ ਬਿਆਨ ਨਾਲ ਸਿਖਾਂ ਦਾ ਧਾਰਮਕ ਤੌਰ ਤੇ ਪਾੜਾ ਹੋਰ ਵਧੇਗਾ।

ਸੰਗਤਾਂ ਨੂੰ, ਦਸਮ ਗ੍ਰੰਥ ਅਤੇ ਰਾਗਮਾਲਾ ਦੇ ਮਸਲੇ ਨੂੰ ਰਲਗੱਡ ਕਰਕੇ, ਗੁੰਮਰਾਹ ਕਰਨਾ ਇਕ ਗੈਰ-ਜ਼ਿੰਮੇਵਾਰਾਨਾ ਹਰਕਤ ਹੈ ਜਿਸ ਨਾਲ ਪੰਥ ਵਿਚ ਫੁੱਟ ਵਧੇਗੀ। ਰਾਗਮਾਲਾ ਵਰਗੇ ਪੁਰਾਤਨ ਮਸਲੇ ਵਿਦਵਾਨਾਂ ਅਤੇ ਸੁਹਿਰਦ ਸੱਜਣਾਂ ਦੇ ਹੱਲ ਕਰਨ ਵਾਸਤੇ ਹਨ ਅਤੇ ਕਿਸੇ ਵੀ ਸੰਸਥਾ ਨੂੰ ਆਪਣੀ ਨਿਜੀ ਮਰਜ਼ੀ ਜਾਂ ਮਰਿਆਦਾ ਹੋਰ ਸਿਖਾਂ ਤੇ ਨਹੀਂ ਥੋਪਣੀ ਚਾਹੀਦੀ।

ਕਿਸੇ ਵੀ ਸੰਸਥਾ ਜਾਂ ਸੰਪਰਦਾ ਨੂੰ ਆਪਣੀ ਮਰਿਆਦਾ ਬਾਕੀ ਦੇ ਪੰਥ ਤੇ ਲਾਗੂ ਨਹੀਂ ਕਰਨੀ ਚਾਹੀਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਹੈ ਅਤੇ ਸਮੁਚੇ ਪੰਥ ਨੂੰ ਗੁਰਮਤਿ ਅਨੁਸਾਰੀ ਕਰਮ ਕਰਕੇ, ਮੁਕੱਮਲ ਏਕਤਾ ਵੱਲ ਆਪਣੇ ਕਦਮ ਵਧਾਉਣੇ ਚਾਹੀਦੇ ਹਨ।

ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਉਹਨਾਂ ਲੋਕਾਂ ਦੀ ਨਿਖੇਧੀ ਕਰਦਾ ਹੈ ਜੋ ਖਾਲਸੇ ਦਾ ਬਾਣਾ ਪਹਿਣ ਕੇ, ਆਪਣੇ ਨਿਜ ਸਵਾਰਥ ਹਿੱਤ ਗੁਰਮਤਿ ਵਿਰੋਧੀ ਕਰਮ ਕਰਦੇ ਹਨ ਅਤੇ ਇਸ ਤਰ੍ਹਾਂ ਖਾਲਸਾ ਪੰਥ ਦੀ ਸ਼ਾਨ ਨੂੰ ਘਟਾਉਣ ਦਾ ਜਤਨ ਕਰਦੇ ਹਨ।

ਇਸ ਵਕਤ ਲੋੜ ਹੈ ਕਿ ਸਭ ਗੁਰਸਿਖ ਆਪਣੇ ਨਿਜ ਸਵਾਰਥ ਤੋਂ ਉਪਰ ਉਠ ਕੇ ਪੰਥ ਦੀ ਚੜ੍ਹਦੀ ਕਲਾ ਵਾਸਤੇ ਜਤਨਸ਼ੀਲ ਹੋਣ। ਇਹ ਲਾਜ਼ਮੀ ਹੈ ਕਿ ਅਸੀਂ ਗੁਰਸਿਖਾਂ ਵਾਂਗ ਵਿਚਰੀਏ ਨਾ ਕੇ ਭਾਈ ਚੌਪਾ ਸਿੰਘ ਜੀ ਦੇ ਕਥਨ ਅਨੁਸਾਰ ਦੈਂਤਾਂ ਵਾਲੇ ਕੰਮ ਕਰੀਏ:

**ਜੋ ਸਿੱਖ, ਸਿੱਖ ਕੋ ਜਾਣ ਕੇ ਕੈਦ ਕਰਾਏ, ਲੁਟਾਏ, ਮਰਵਾਏ, ਸੋ ਦੈਂਤ ਜਾਣਣਾ॥**

ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਅਰਦਾਸ ਕਰਦਾ ਹੈ ਕਿ ਅਕਾਲ ਪੁਰਖ਼ ਮਾਹਰਾਜ ਆਪ ਹੀ ਖ਼ਾਲਸਾ ਪੰਥ ਨੇ ਚੜਦੀ ਕਲਾ ਬਖਸ਼ਨ

-ਸਮੁਚਾ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ

**ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ**